THE SIKH COALITION

# ਆਪਣੇ ਹੱਕਾਂ ਨੂੰ ਜਾਣੋ ਇਮੀਗ੍ਰੇਸ਼ਨ: ਜੇ ਆਇਸ ਤੁਹਾਡੇ ਕੰਮ ਵਾਲੀ ਜਗ੍ਹਾ 'ਤੇ ਆਉਂਦੀ ਹੈ

**ਫ਼ਰਵਰੀ 2025 ਵਿੱਚ ਸੋਧਿਆ ਗਿਆ**

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਖਾਸ ਅਤੇ ਤੁਰੰਤ ਕਾਨੂੰਨੀ ਮਦਦ ਦੀ ਲੋੜ ਹੈ, ਤਾਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।

ਸਿੱਖ ਕੋਲਿਸ਼ਨ ਵੱਲੋਂ ਇਮੀਗ੍ਰੇਸ਼ਨ ਹੱਕਾਂ ਬਾਰੇ ਜਾਣਕਾਰੀ ਲਈ ਕਿਊਆਰ ਕੋਡ ਸਕੈਨ ਕਰੋ।

- ਜੇ ਤੁਸੀਂ ਜਨਤਕ ਥਾਂ ਉੱਤੇ ਕੰਮ ਨਹੀਂ ਕਰਦੇ, ਆਇਸ ਜੱਜ ਵੱਲੋਂ ਦਸਤਖ਼ਤ ਕੀਤੇ ਜੁਡੀਸ਼ੀਅਲ ਵਾਰੰਟ ਜਾਂ ਤੁਹਾਡੇ ਮਾਲਕ ਦੀ ਆਗਿਆ ਤੋਂ ਬਿਨਾਂ ਤੁਹਾਡੇ ਕੰਮ ਵਾਲੇ ਸਥਾਨ ਅੰਦਰ ਦਾਖ਼ਲ ਨਹੀਂ ਹੋ ਸਕਦੀ।

- ਆਇਸ ਤੁਹਾਡੇ ਕੰਮ ਕਰਨ ਵਾਲੀ ਨਿੱਜੀ ਥਾਂ ਦੇ ਉਸ ਹਿੱਸੇ ਵਿੱਚ ਬਿਨਾਂ ਵਾਰੰਟ ਦਾਖ਼ਲ ਹੋ ਸਕਦੀ ਹੈ ਜੋ ਆਮ ਜਨਤਾ ਲਈ ਖੁੱਲ੍ਹਾ ਹੁੰਦਾ ਹੈ (ਜਿਵੇਂ ਕਿ ਰਿਸੈਪਸ਼ਨ ਵਾਲੀ ਜਗ੍ਹਾ) ਪਰ ਉਨ੍ਹਾਂ ਨੂੰ ਵੀ ਉਹੀ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ ਜੋ ਕਿਸੇ ਵੀ ਆਮ ਪਬਲਿਕ ਮੈਂਬਰਾਂ ਨੇ ਕਰਨੇ ਹੁੰਦੇ ਹਨ। ਉਦਾਹਰਣ ਲਈ, ਬਿਨਾਂ ਵਾਰੰਟ ਦੇ, ਆਇਸ ਕੰਮ ਵਾਲੇ ਸਥਾਨ ਦੇ ਕੰਮਕਾਜ ਵਿੱਚ ਦਖ਼ਲ-ਅੰਦਾਜ਼ੀ/ਰੁਕਾਵਟ ਪੈਦਾ ਨਹੀਂ ਕਰ ਸਕਦੀ।

- ਜੇ ਆਇਸ ਤੁਹਾਡੇ ਕੰਮ ਵਾਲੇ ਸਥਾਨ ਅੰਦਰ ਆ ਜਾਂਦੀ ਹੈ ਤਾਂ ਭੱਜੋ ਨਾ ਕਿਉਂਕਿ ਉਹ ਇਸ ਨੂੰ ਤੁਹਾਨੂੰ ਰੋਕਣ/ਹਿਰਾਸਤ ਵਿੱਚ ਲੈਣ ਜਾਂ ਗ੍ਰਿਫ਼ਤਾਰ ਕਰਨ ਦੇ ਕਾਰਨ ਵੱਜੋਂ ਵਰਤ ਸਕਦੇ ਹਨ।

- ਜੇ ਆਇਸ ਕੋਲ ਵਾਰੰਟ ਨਹੀਂ ਹੈ ਤਾਂ ਆਪਣੇ ਮਾਲਕ ਜਾਂ ਕਿਸੇ ਹੋਰ ਵਿਅਕਤੀ ਜਿਸ ਕੋਲ ਅਖ਼ਤਿਆਰ ਹੋਣ ਨੂੰ ਕਹੋ ਕਿ ਉਹ ਆਇਸ ਵਾਲਿਆਂ ਨੂੰ ਸਹਿਜ ਨਾਲ ਚਲੇ ਜਾਣ ਲਈ ਕਹਿ ਦੇਣ।

- ਜੇ ਆਇਸ ਜ਼ਬਰਦਸਤੀ ਤੁਹਾਡੇ ਕੰਮ ਵਾਲੇ ਸਥਾਨ ਅੰਦਰ ਦਾਖ਼ਲ ਹੁੰਦੀ ਹੈ ਤਾਂ ਕਹੋ ਕਿ ਤੁਸੀਂ ਤਲਾਸ਼ੀ ਦੇਣ ਲਈ ਸਹਿਮਤ ਨਹੀਂ ਹੋ, ਏਜੰਟਾਂ ਦੇ ਨਾਮ ਅਤੇ ਬੈਜ ਨੰਬਰ ਲਿਖ ਲਵੋ, ਉਨ੍ਹਾਂ ਵੱਲੋਂ ਕੀਤੀ ਜਾਂਦੀ ਕਿਸੇ ਕਿਸਮ ਦੀ ਮਾਰ-ਕੁੱਟ ਜਾਂ ਗਾਲ੍ਹੀ-ਗਲੋਚ/ਭੱਦੀ ਸ਼ਬਦਾਵਲੀ ਦੀ ਵਰਤੋਂ ਦਾ ਰਿਕਾਰਡ ਰੱਖੋ ਅਤੇ ਆਪ ਚੁੱਪ ਰਹੋ।

- ਜੇ ਤੁਸੀਂ ਸਹੀ ਸਮਝੋ ਤਾਂ ਆਪਣੇ ਮਾਲਕ ਅਤੇ ਸਾਥੀ-ਕਾਮਿਆਂ ਨਾਲ ਪਹਿਲਾਂ ਹੀ ਇਹ ਗੱਲ ਕਰ ਕੇ ਉਨ੍ਹਾਂ ਨੂੰ ਜਾਣਕਾਰੀ ਦਿਉ ਕਿ ਉਨ੍ਹਾਂ ਨੂੰ ਜੱਜ ਦੇ ਦਸਤਖ਼ਤ ਵਾਲੇ ਵਾਰੰਟ ਬਿਨਾਂ ਆਇਸ ਵਾਲਿਆਂ ਨੂੰ ਕੰਮ ਦੇ ਸਥਾਨ ਅੰਦਰ ਦਾਖ਼ਲ ਨਹੀਂ ਹੋਣ ਦੇਣਾ ਚਾਹੀਦਾ। ਕੰਮ ਦੇ ਮਾਲਕਾਂ ਵਾਸਤੇ ਕਾਮਿਆਂ ਦੀ ਪਛਾਣ ਜਾਂ ਛਾਂਟੀ ਕਰਨ ਵਿੱਚ ਆਇਸ ਦੀ ਮਦਦ ਕਰਨੀ ਲਾਜ਼ਮੀ ਨਹੀਂ ਹੁੰਦੀ।

- ਜੇ ਤੁਸੀਂ ਜਨਤਕ ਥਾਂ ਉੱਤੇ ਕੰਮ ਕਰਦੇ ਹੋ ਤਾਂ ਵੀ ਕੰਮ ਵਾਲੇ ਸਥਾਨ ਦੇ ਉਹ ਹਿੱਸੇ ਜਿੰਨ੍ਹਾ ਉੱਤੇ ਸਪੱਸ਼ਟ ਰੂਪ ਵਿੱਚ "ਪ੍ਰਾਇਵੇਟ" ਜਾਂ "ਸਟਾਫ਼ ਔਨਲੀ" ਆਦਿ ਲਿਖਿਆ ਹੋਇਆ ਹੈ, ਉਹ ਸਥਾਨ ਤੁਹਾਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ। ਉਨ੍ਹਾਂ ਸਥਾਨਾਂ ਅੰਦਰ ਬਿਨਾਂ ਆਗਿਆ ਜਾਂ ਵਾਰੰਟ ਦੇ ਦਾਖ਼ਲ ਹੋਣ ਨੂੰ ਆਇਸ ਵਾਲਿਆਂ ਲਈ ਜਾਇਜ਼ ਠਹਿਰਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ।